brampton.ca BRAMPTON Flower City

Planning and Development Services
Building Division
8850 McLaughlin Road, Unit 1
Brampton, ON L6Y 5T1

# ਬਿਲਡਿੰਗ ਪਰਮਿਟ ਸਬੰਧੀ ਸ਼ਰਤਾਂ

## ਬੇਸਮੈਂਟ ਫਿਨਿਸ਼

## ਬਿਲਡਿੰਗ ਪਰਮਿਟ ਅਰਜ਼ੀ

ਅਰਜ਼ੀ ਜਮ੍ਹਾਂ ਕਰਨ ਵੇਲੇ ਹੇਠਾਂ ਲਿਖੀ ਜਾਣਕਾਰੀ ਲੋੜੀਂਦੀ ਹੈ। ਅਧੂਰੀਆਂ ਅਰਜ਼ੀਆਂ ਸਵੀਕਾਰ **ਨਹੀਂ** ਕੀਤੀਆਂ ਜਾ ਸਕਦੀਆਂ।

1. **ਬਿਲਡਿੰਗ ਪਰਮਿਟ ਲਈ ਪੂਰੀ ਕੀਤੀ ਅਰਜ਼ੀ ਵਿੱਚ ਇਹ ਸ਼ਾਮਲ ਹੁੰਦਾ ਹੈ:**
   - ਅਰਜ਼ੀ ਫਾਰਮ "ਉਸਾਰੀ ਕਰਨ ਜਾਂ ਢਾਹੁਣ ਲਈ ਪਰਮਿਟ"
   - ਸ਼ੈਡਿਊਲ 1: ਡਿਜ਼ਾਈਨਰ ਦੀ ਜਾਣਕਾਰੀ
   - ਲਾਗੂ ਕਨੂੰਨੀ ਜਾਂਚ ਸੂਚੀ
   - ਸ਼ੈਡਿਊਲ "A" – ਬੇਸਮੈਂਟ ਫਿਨਿਸ਼ ਘੋਸ਼ਣਾ
2. ਅਸਲੀ ਆਕਾਰ ਵਾਸਤੇ ਯੋਜਨਾਵਾਂ ਦੇ **ਦੋ ਸੈੱਟ**, ਜਿਹਨਾਂ ਵਿੱਚ ਇਹ ਸ਼ਾਮਲ ਹੋਣਾ ਲਾਜ਼ਮੀ ਹੈ:
   - ਯੋਜਨਾ ਦਾ ਸਿਰਲੇਖ ਅਤੇ ਮਾਪ (ਜਿਵੇਂ 1/4" = 1')
   - ਸਮੁੱਚੇ ਪਰਿਮਾਪ ਅਤੇ ਹਰੇਕ ਕਮਰੇ ਅਤੇ ਖਾਲੀ ਥਾਂ ਦੇ ਪਰਿਮਾਪ
   - ਹਰੇਕ ਕਮਰੇ ਅਤੇ ਖਾਲੀ ਥਾਂ ਦੀ ਵਰਤੋਂ
   - ਮੌਜੂਦਾ ਅਤੇ ਪ੍ਰਸਤਾਵਿਤ ਖਿੜਕੀਆਂ ਦਾ ਸਥਾਨ ਅਤੇ ਆਕਾਰ
   - ਮੈਟੀਰੀਅਲ, ਆਕਾਰ ਅਤੇ ਖਾਲੀ ਥਾਂ (ਕੰਧਾਂ, ਦਰਵਾਜੇ ਅਤੇ ਛੱਤਾਂ) ਸਮੇਤ ਪ੍ਰਸਤਾਵਿਤ ਉਸਾਰੀ ਲਈ ਉਸਾਰੀ ਦੇ ਵੇਰਵੇ
   - ਪਲੰਬਿੰਗ ਫਿਕਸਚਰਾਂ ਦਾ ਸਥਾਨ; ਧਿਆਨ ਦਿਓ ਕਿ ਫਿਕਸਚਰ ਮੌਜੂਦਾ ਜਾਂ ਨਵੇਂ ਹਨ
   - ਧੂੰਏਂ ਦੇ ਅਲਾਰਮ(ਮਾਂ) ਦਾ ਸਥਾਨ
   - ਮੌਜੂਦਾ ਸਪਲਾਈ ਏਅਰ ਰਜਿਸਟਰਸ ਅਤੇ ਰੀਟਰਨ ਏਅਰ ਗਰਿੱਲਾਂ ਅਤੇ ਨਵੇਂ ਸਪਲਾਈ ਏਅਰ ਰਜਿਸਟਰਸ ਅਤੇ ਰੀਟਰਨ ਏਅਰ ਗਰਿੱਲਾਂ ਦਾ ਸਥਾਨ ਵਿਖਾਓ
   - ਜੇਕਰ ਗੁਸਲਖਾਨੇ ਵਿੱਚ ਖੁੱਲ੍ਹਣ ਯੋਗ ਖਿੜਕੀ ਨਹੀਂ ਦਿੱਤੀ ਗਈ ਹੈ, ਤਾਂ ਗੁਸਲਖਾਨੇ ਲਈ ਐਗਜੌਸਟ ਪੱਖੇ ਦਾ ਸਥਾਨ ਵਿਖਾਓ
   - ਫਿਕਸਚਰ ਵਾਲੇ ਘੱਟੋ-ਘੱਟ ਇੱਕ ਲਾਈਟਿੰਗ ਆਉਟਲੇਟ ਤੇ ਨਿਯੰਤਰਣ ਲਈ ਪੌੜੀਆਂ ਦੇ ਸਭ ਤੋਂ ਉੱਪਰ ਅਤੇ ਨੀਂਹ ਤੇ ਸਥਿਤ ਥ੍ਰੀ ਵੇ ਵਾਲ ਸਵਿੱਚ ਮੁਹੱਈਆ ਕੀਤਾ ਜਾਣਾ ਅਤੇ ਯੋਜਨਾ ਵਿੱਚ ਨਿਯਤ ਕੀਤਾ ਜਾਣਾ ਲਾਜ਼ਮੀ ਹੈ; ਦੱਸੋ ਕਿ ਸਵਿੱਚ ਨਵਾਂ ਹੈ ਜਾਂ ਮੌਜੂਦਾ

ਧਿਆਨ ਦਿਓ: ਘੱਟੋ-ਘੱਟ **<u>ਲੋੜੀਂਦਾ</u>** ਖਿੜਕੀ ਦਾ ਭਾਗ

| | ਲਿਵਿੰਗ ਅਤੇ ਡਾਈਨਿੰਗ ਰੂਮ | ਬੈੱਡਰੂਮ |
|---|---|---|
| 5 ਸਾਲਾਂ ਜਾਂ ਵੱਧ ਸਮੇਂ ਤੋਂ ਪੁਰਾਣਾ ਘਰ | ਕਮਰੇ ਦਾ 10% ਖੇਤਰ | ਕਮਰੇ ਦਾ 5% ਖੇਤਰ |
| 5 ਸਾਲਾਂ ਜਾਂ ਵੱਧ ਸਮੇਂ ਤੋਂ ਪੁਰਾਣਾ ਘਰ | ਕਮਰੇ ਦਾ 5% ਖੇਤਰ | ਕਮਰੇ ਦਾ 2.5% ਖੇਤਰ |

** ਬੇਸਮੈਂਟ ਰੇਕ੍ਰੀਏਸ਼ਨ ਰੂਮ ਲਈ ਖਿੜਕੀ ਦੀ ਲੋੜ ਨਹੀਂ ਹੈ।

3. $280.50 ਦੀ ਪਰਮਿਟ ਫੀਸ ਸਾਡੀ **ਸਟੈਂਡਰਡ 10 ਦਿਨਾਂ ਦੀ ਪਰਮਿਟ ਐਪਲੀਕੇਸ਼ਨ ਸਰਵਿਸ (Permit Application Service)** ਤੇ ਲਾਗੂ ਹੁੰਦੀ ਹੈ

**ਧਿਆਨ ਦਿਓ:** ਨਵੀਆਂ ਖਿੜਕੀਆਂ ਦੇ ਵਾਧਿਆਂ ਲਈ ਜਾਂ ਉਪਰੋਕਤ ਗ੍ਰੇਡ ਦੇ ਬਾਹਰਲੇ ਦਰਵਾਜਿਆਂ ਲਈ, ਹਰੇਕ ਵਾਸਤੇ $114.89 ਜੋੜੋ

## ਬਿਲਡਿੰਗ ਪਰਮਿਟ ਜਾਰੀ ਕਰਨਾ

1. ਜਿੱਥੇ ਪਰਮਿਟ, ਰਜਿਸਟਰਡ ਕੌਂਡੋਮਿਨਿਅਮ ਦੇ ਸਾਂਝੇ ਹਿੱਸੇ ਦੇ ਅੰਦਰ ਉਸਾਰੀ ਕਰਨ ਲਈ ਜਾਰੀ ਕੀਤਾ ਜਾਂਦਾ ਹੈ, ਉੱਥੇ ਬਿਲਡਿੰਗ ਜਾਂ ਪ੍ਰਾਪਰਟੀ ਦੇ ਸਾਂਝੇ ਹਿੱਸੇ ਦੇ ਅੰਦਰ ਕੀਤੇ ਜਾਣ ਵਾਲੇ ਕੰਮ ਦੀ ਇਜਾਜ਼ਤ ਵਾਸਤੇ, ਕੌਂਡੋਮਿਨਿਅਮ ਕਾਰਪੋਰੇਸ਼ਨ ਦੇ ਅਧਿਕਾਰਤ ਏਜੰਟ ਵੱਲੋਂ ਦਸਤਖ਼ਤ ਕੀਤਾ ਇੱਕ ਉਸਾਰੀ ਲਈ ਇਜਾਜ਼ਤ ਦਾ ਨੋਟਿਸ (Notice of Permission to Construct) ਫਾਰਮ ਜਮ੍ਹਾਂ ਕੀਤਾ ਜਾਵੇਗਾ।

**ਪਰਮਿਟਸ**
ਟੈਲੀਫੋਨ 905-874-2401
ਫੈਕਸ 905-874-2499

**ਇੰਸਪੈਕਸ਼ਨਸ**
ਟੈਲੀਫੋਨ 905-874-3700
ਫੈਕਸ 905-874-3763

**ਜ਼ੋਨਿੰਗ ਸੇਵਾਵਾਂ**
ਟੈਲੀਫੋਨ 905-874-2090
ਫੈਕਸ 905-874-2499